# ਦਫ਼ਤਰ ਜਿਲਾ ਮੈਜਿਸਟਰੇਟ ਬਰਨਾਲਾ

COVID-19

(ਐਮ.ਏ ਸ਼ਾਖਾ)

ਹੁਕਮ ਨੰ.ਐਮ.ਏ./119954/174 ਮਿਤੀ: 25/3/2020

## ਦਫ਼ਤਰੀ ਹੁਕਮ

ਇਸ ਦਫ਼ਤਰ ਵੱਲੋਂ ਕੋਰੋਨਾ ਵਾਇਰਸ ਦੇ ਫੈਲਣ ਤੋਂ ਬਚਾਉਣ ਲਈ ਅਤੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਬਰਨਾਲਾ ਅੰਦਰ ਕਰਫਿਊ ਹੁਕਮ ਨੰਬਰ: ਐਮ.ਏ/119954/168 ਮਿਤੀ: 23-03-2020 ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਕਿਸੇ ਵੀ ਵਿਅਕਤੀ ਦੇ ਸੜਕਾਂ, ਗਲੀਆਂ ਜਾਂ ਜਨਤਕ ਥਾਵਾਂ ਤੇ ਘੁੰਮਣ ਫਿਰਨ ਤੋਂ ਮਨਾਹੀ ਕੀਤੀ ਗਈ ਹੈ। ਲੋਕ ਹਿੱਤ ਵਿੱਚ ਮਨੁੱਖਾਂ ਅਤੇ ਪਸ਼ੂਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਫਿਊ ਦੌਰਾਨ ਇੰਨ੍ਹਾਂ ਹੁਕਮਾਂ ਦੀ ਲਗਾਤਾਰਤਾ ਵਿੱਚ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1) ਹਾਕਰਜ਼ ਵੱਲੋਂ ਅਖ਼ਬਾਰ ਵੰਡਣ ਦਾ ਕੰਮ **ਸਵੇਰੇ 08:00 ਵਜੇ ਤੱਕ** ਮੁਕੰਮਲ ਕੀਤਾ ਜਾਵੇਗਾ, ਜਿਸ ਤੋਂ ਬਾਅਦ ਹਾਕਰਜ਼ ਦੇ ਚੱਲਣ, ਫਿਰਨ ਤੇ ਮਨਾਹੀ ਹੋਵੇਗੀ। ਸੜਕਾਂ ਦੇ ਕਿਨਾਰੇ ਤੇ ਅਖ਼ਬਾਰ ਵੇਚਣ ਦੀ ਮਨਾਹੀ ਹੋਵੇਗੀ।

2) ਦੁੱਧ ਪਦਾਰਥਾਂ ਦੀ ਸਪਲਾਈ ਦੋਧੀਆਂ ਵੱਲੋਂ ਘਰ-ਘਰ ਜਾਕੇ **ਸਵੇਰੇ 05:00 ਵਜੇ ਤੋਂ ਸਵੇਰੇ 10:00 ਵਜੇ ਤੱਕ** ਮੁਕੰਮਲ ਕੀਤੀ ਜਾਵੇਗੀ, ਦੋਧੀਆਂ ਦੇ ਚੱਲਣ-ਫਿਰਨ ਤੇ ਮਨਾਹੀ ਹੋਵੇਗੀ, ਇਸ ਤੋਂ ਇਲਾਵਾ ਜਿਹੜੇ ਦੋਧੀ ਜਿਲ੍ਹਾ ਬਰਨਾਲਾ ਦੇ ਪਿੰਡਾਂ ਵਿੱਚੋਂ ਦੁੱਧ ਸ਼ਹਿਰਾਂ ਵਿੱਚ ਡੇਅਰੀ ਵਿੱਚ ਦੇਣ ਆਉਣਗੇ, ਉਨ੍ਹਾਂ ਨੂੰ ਦੁੱਧ ਡੇਅਰੀ ਤੇ ਪੁਹਚਾਉਣ ਦੀ ਵੀ ਖੁੱਲ ਹੋਵੇਗੀ ਪ੍ਰੰਤੂ ਸਮਾਂ **ਸਵੇਰੇ 05:00 ਵਜੇ ਤੋਂ ਸਵੇਰੇ 10:00 ਵਜੇ ਤੱਕ** ਦਾ ਹੀ ਰਹੇਗਾ।

3) ਲੈਬੋਰਟਰੀ ਦੇ ਖੋਲਣ ਦਾ ਸਮਾਂ **ਸਵੇਰੇ 06:00 ਵਜੇਂ ਤੋਂ ਸਵੇਰੇ 08:00 ਵਜੇ ਤੱਕ** ਹੋਵੇਗਾ।

4) ਪੈਟਰੋਲ ਪੰਪਾਂ ਸਿਰਫ **ਸਵੇਰੇ 6:00 ਵਜੇ ਤੋਂ ਸਵੇਰੇ 9:00 ਵਜੇ ਤੱਕ** ਐਮਰਜੈਂਸੀ ਸੇਵਾਵਾਂ ਲਈ ਵਰਤੇ ਜਾਣ ਵਾਲੇ ਵਾਹਨਾਂ ਵਿੱਚ ਹੀ ਪੈਟਰੋਲ ਜਾਂ ਡੀਜ਼ਲ ਦੀ ਪੂਰਤੀ ਕੀਤੀ ਜਾਵੇਗੀ।

ਉਪਰੋਕਤ ਤੋਂ ਇਲਾਵਾ ਹੇਠ ਲਿਖਿਆਂ ਸੇਵਾਵਾਂ ਸਾਰਾ ਦਿਨ ਭਾਵ **ਸਵੇਰੇ 08:00 ਵਜੇ ਤੋਂ ਸ਼ਾਮ 05:00 ਵਜੇ ਤੱਕ** ਹੀ ਸਿਰਫ ਘਰ-ਘਰ (Home Delivery) ਜਾ ਕੇ ਸਪਲਾਈ ਕਰਨ ਵਾਸਤੇ ਉਪਲੱਬਧ ਹੋਣਗੀਆਂ। ਕਿਸੇ ਵੀ ਵਿਅੱਕਤੀ ਨੂੰ ਦੁਕਾਨ ਤੇ ਜਾ ਕੇ ਖਰੀਦ ਕਰਨ ਦੀ ਆਗਿਆ ਨਹੀਂ ਹੋਵੇਗਾ ਅਤੇ ਦੁਕਾਨਦਾਰ ਨੂੰ ਸਿੱਧੇ ਗ੍ਰਾਹਕ ਨੂੰ ਸਮਾਨ ਵੇਚਣ ਦੀ ਮਨਾਹੀ ਹੋਵੇਗੀ, ਉਲੰਘਣਾ ਕਰਨ ਤੇ ਦੁਕਾਨਦਾਰ ਅਤੇ ਖਰੀਦਦਾਰ ਵਿਰੁੱਧ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ:-

1. ਵੇਰਕਾ ਅਤੇ ਅਮੂਲ ਵੱਲੋਂ ਦੁੱਧ ਦੀ ਸਪਲਾਈ।
2. ਐਲ.ਪੀ.ਜੀ ਗੈਸ,
3. ਕਰਿਆਣਾ ਅਤੇ ਰਾਸ਼ਣ,
4. ਸਬਜ਼ੀਆਂ ਅਤੇ ਫਲ,
5. ਪਸ਼ੂਆ ਲਈ ਤੂੜੀ, ਟਾਲ ਅਤੇ ਪੋਲਟਰੀ ਫੀਡ ਦੀ ਟਰਾਂਸਪੋਰਟ ਵਾਸਤੇ,
6. ਕੈਮਿਸਟ।

ਉਪਰੋਕਤ ਸਾਰੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਕਰਮਚਾਰੀਆਂ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੇ ਆਉਣ-ਜਾਣ ਦੀ ਮਨਾਹੀ ਹੋਵੇਗੀ। ਇਸ ਨੂੰ ਯਕੀਨੀ ਬਣਾਉਣ ਲਈ ਸਬੰਧਤ ਇਲਾਕੇ ਦੇ ਐਸ.ਐਚ.ਓ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।

ਉਪਰੋਕਤ ਸਬੰਧੀ ਲੋੜੀਂਦੇ ਪਾਸ ਬਣਾਉਣ ਲਈ ਕੰਟਰੋਲ ਰੂਮ ਦੀ ਈ-ਮੇਲ ਆਈ.ਡੀ (**controlroomcovid19bnl2@gmail.com**) ਤੇ ਆਪਣੇ ਸਾਰੇ ਵੇਰਵੇ (ਨਾਮ, ਪਿਤਾ ਦਾ ਨਾਮ, ਫਰਮ ਦਾ ਨਾਮ, ਪਤਾ, ਮੋਬਾਇਲ ਨੰਬਰ ਅਤੇ ਵਹੀਕਲ ਨੰਬਰ ਆਦਿ ਸਾਰੀ ਜਰੂਰੀ ਜਾਣਕਾਰੀ) ਦਿੰਦੇ ਹੋਏ ਅਪਲਾਈ ਕਰ ਦੇਣ ਤਾਂ ਜੋ ਲੋੜੀਂਦੇ ਪਾਸ ਜਾਰੀ ਕਰ ਦਿੱਤੇ ਜਾਣ।

5) ਜਿਲ੍ਹਾ ਦੀ ਪੁਲਿਸ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਸੇਵਾਵਾਂ ਲਈ ਮੈਡੀਕਲ ਸਟਾਫ, ਸਬੰਧਤ ਦੁਕਾਨਦਾਰਾਂ, ਵਿਕਰੇਤਾ, ਹਾਕਰਾਂ, ਰੇਹੜੀ ਵਾਲਿਆਂ ਆਦਿ ਨਾਲ ਸਹਿਯੋਗ ਕੀਤਾ ਜਾਵੇ।

6) ਸਬੰਧਤ ਉਪ ਮੰਡਲ ਮੈਜਿਸਟਰੇਟ ਉਪਰੋਕਤ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਵਾਉਣੀ ਯਕੀਨੀ ਬਣਾਉਣਗੇ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰਖਦੇ ਹੋਏ ਇਹ ਹੁਕਮ ਇਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਂਦਾ ਹੈ। ਇਹ ਹੁਕਮ ਜਿਲਾ ਲੋਕ ਸੰਪਰਕ ਅਫਸਰ ਬਰਨਾਲਾ ਦੀ ਪ੍ਰਚਾਰ ਗੱਡੀ ਰਾਹੀਂ ਮੁਨਾਦੀ ਕਰਵਾ ਕੇ ਅਤੇ ਹੁਕਮ ਦੀਆਂ ਕਾਪੀਆਂ ਸਦਰ ਮੁਕਾਮਾਂ, ਉਪ ਮੰਡਲ ਮੈਜਿਸਟਰੇਟਸ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਪਬਲਿਕ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ: 25-03-2020 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ।

ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ,
ਬਰਨਾਲਾ।

ਪਿ:ਅ:ਨੰ:ਐਮ.ਏ/119954/ 6010-40 ਮਿਤੀ: 25/3/2020

ਉਪਰੋਕਤ ਦਾ ਇਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਪਟਿਆਲਾ ਮੰਡਲ ਪਟਿਆਲਾ।
4. ਜ਼ਿਲਾ ਅਤੇ ਸੈਸ਼ਨ ਜੱਜ ਬਰਨਾਲਾ।
5. ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
6. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ।
7. ਵਧੀਕ ਡਿਪਟੀ ਕਮਿਸ਼ਨਰ (ਜ) ਬਰਨਾਲਾ।
8. ਸਿਵਲ ਸਰਜਨ,ਬਰਨਾਲਾ।
9. ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ।
10. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਬਰਨਾਲਾ ਅਤੇ ਸਮੂਹ ਬੀ.ਡੀ.ਪੀ.ਓਜ ਨੂੰ ਨੋਟ ਕਰਾਉਣ ਹਿੱਤ।
11. ਕਾਰਜ ਸਾਧਕ ਅਫਸਰ, ਨਗਰ ਕੌਂਸਲ,ਬਰਨਾਲਾ/ਤਪਾ/ਧਨੌਲਾ/ਭਦੌੜ ਅਤੇ ਨਗਰ ਪੰਚਾਇਤ, ਹੰਡਿਆਇਆ।
12. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਫਤਰ, ਬਰਨਾਲਾ।
13. ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਰਨਾਲਾ।
14. ਜ਼ਿਲ੍ਹਾ ਮੰਡੀ ਅਫ਼ਸਰ, ਬਰਨਾਲਾ।
15. ਜ਼ਿਲ੍ਹਾ ਲੀਡ ਅਫ਼ਸਰ,ਬਰਨਾਲਾ।
16. ਵਧੀਕ ਨਿਗਰਾਨ ਇੰਜ.,ਪੀ.ਐਸ.ਪੀ.ਸੀ.ਐਲ.,ਬਰਨਾਲਾ।
17. ਸਮੂਹ ਕਾਰਜਕਾਰੀ ਮੈਜਿਸਟਰੇਟ,ਜ਼ਿਲ੍ਹਾ ਬਰਨਾਲਾ।
18. ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਬਰਨਾਲਾ।
19. ਜ਼ਿਲ੍ਹਾ ਖੇਡ ਅਫਸਰ, ਬਰਨਾਲਾ।
20. ਜ਼ਿਲ੍ਹਾ ਮਾਲ ਅਫ਼ਸਰ,ਬਰਨਾਲਾ।
21. ਜ਼ਿਲ੍ਹਾ ਲੋਕ ਸੰਪਰਕ ਅਫਸਰ ਬਰਨਾਲਾ।
22. ਕਾਰਜਕਾਰੀ ਇੰਜ.,ਜਲ ਸਪਲਾਈ ਤੇ ਸੀਵਰੇਜ ਬੋਰਡ,ਬਰਨਾਲਾ।
23. ਕਾਰਜਕਾਰੀ ਇੰਜ.,ਪਬਲਿਕ ਹੈਲਥ,ਬਰਨਾਲਾ।
24. ਸਕੱਤਰ, ਇੰਡੀਅਨ ਰੈਡ ਕਰਾਸ ਸੋਸਾਇਟੀ, ਬਰਨਾਲਾ।
25. ਪੀ.ਏ ਟੂ ਡੀ.ਐਮ./ਸਟੈਨੋਗ੍ਰਾਫਰ ਟੂ ਏ.ਡੀ.ਐਮ(ਜ)./ਸਟੈਨੋ ਟੂ ਏ.ਸੀ.(ਜ/ਸ਼ਿਕ) ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ।
26. ਸਮੂਹ ਨਿਵਾਸੀ,ਜ਼ਿਲ੍ਹਾ ਬਰਨਾਲਾ।
27. ਸਮੂਹ ਐਸੋਸੀਏਸ਼ਨਜ਼ ਅਤੇ ਸਬੰਧਤ ਦੁਕਾਨਦਾਰ,ਜ਼ਿਲ੍ਹਾ ਬਰਨਾਲਾ।

ਜ਼ਿਲ੍ਹਾ ਮੈਜਿਸਟਰੇਟ,
ਬਰਨਾਲਾ।